International Journal of Research Available at https://edupediapublications.org/journals
e-ISSN: 2348-6848
p-ISSN: 2348-795X
Volume 04 Issue 19
December 2017

# ਧਾਰਮਿਕ ਨੈਤਿਕਤਾ ਵਿਚ ਪਾਪ-ਪੁੰਨ ਦਾ ਸੰਕਲਪ

ਗੀਤਾ ਰਾਣੀ◆

ਨੈਤਿਕਤਾ ਆਪਣੇ ਬੁਨਿਆਦੀ ਰੂਪ ਵਿਚ ਲੋਕ ਵਿਹਾਰ ਵਿਚੋਂ ਉਪਜਿਆ ਸੰਕਲਪ ਹੈ। ਸਮਾਜ ਦੇ ਵਿਕਾਸ ਦੇ ਨਾਲ-ਨਾਲ ਸਮੂਹਿਕ ਹਿੱਤਾਂ ਦੀ ਪੂਰਤੀ ਲਈ ਲੋਕ ਵਿਹਾਰ ਦੇ ਨਿਯਮ ਇਸ ਦੀ ਆਧਾਰਸ਼ਿਲਾ ਹਨ। ਮਨੁਖੀ ਜੀਵਨ ਦੇ ਦੋ ਪਖ ਹਨ- ਨਿਜੀ ਜਾਂ ਵਿਅਕਤੀਗਤ ਅਤੇ ਸਮਾਜਿਕ। ਭਾਵੇਂ ਹਰ ਮਨੁਖ ਦਾ ਆਪਣਾ ਨਿਜੀ ਜੀਵਨ ਹੈ। ਪਰ ਆਪਣੀਆਂ ਨਿਜੀ ਲੋੜਾਂ ਦੀ ਪੂਰਤੀ ਲਈ ਉਸ ਨੂੰ ਦੂਜੇ ਮਨੁੱਖਾਂ 'ਤੇ ਨਿਰਭਰ ਕਰਨਾ ਪੈਂਦਾ ਹੈ। ਇਸ ਕਰਕੇ ਮਨੁੱਖ ਹਮੇਸ਼ਾ ਹੀ ਦੂਸਰੇ ਮਨੁੱਖਾਂ ਦੇ ਸੰਪਰਕ ਵਿੱਚ ਰਹਿੰਦਾ ਹੈ ਪਰ ਵਿਅਕਤੀਗਤ ਪਖ ਦੇ ਜ਼ਿਆਦਾ ਭਾਰੂ ਹੋਣ ਕਾਰਣ ਸਮਾਜ ਵਿਚ ਆਪਣੇ ਆਚਾਰ ਨੂੰ ਠੀਕ ਰੱਖਣ ਲਈ ਮਨੁੱਖ ਨੂੰ ਹਮੇਸ਼ਾ ਹੀ ਨੈਤਿਕ ਨਿਯਮਾਂ ਦੀ ਲੋੜ ਰਹੀ ਹੈ। ਵਿਅਕਤੀਗਤ ਭਾਵਨਾ ਸਮਾਜਿਕ ਭਾਵਨਾ ਨਾਲੋਂ ਵਧੇਰੇ ਪ੍ਰਬਲ ਹੁੰਦੀ ਹੈ। ਇਹੀ ਕਾਰਣ ਹੈ ਕਿ ਨੈਤਿਕਤਾ ਅਤੇ ਧਰਮ ਮਨੁੱਖ ਨੂੰ ਹਮੇਸ਼ਾ ਹੀ ਅਗਵਾਈ ਦਿੰਦੇ ਆਏ ਹਨ ਕਿ ਉਹ ਕਿਵੇਂ ਸਮੂਹਿਕ ਹਿੱਤਾਂ ਦੀ ਘੱਟ ਤੋਂ ਘੱਟ ਉਲੰਘਣਾ ਕੀਤਿਆਂ ਆਪਣੇ ਵਿਅਕਤੀਗਤ ਹਿੱਤਾਂ ਦੀ ਪੂਰਤੀ ਕਰ ਸਕਦਾ ਹੈ। ਮਨੁਖ ਨੂੰ ਆਪਣੀ ਜ਼ਿੰਦਗੀ ਵਿਚ ਕਈ ਅਜਿਹੇ ਫੈਸਲੇ ਜਾਂ ਨਿਰਣੇ ਲੈਣੇ ਪੈਂਦੇ ਹਨ ਜਿਹਨਾਂ ਨਾਲ ਕੇਵਲ ਉਸਦੇ ਆਪਣੇ ਹਿਤ ਹੀ ਨਹੀਂ ਸਗੋਂ ਸਮਾਜਿਕ ਹਿਤ ਵੀ ਪ੍ਰਭਾਵਿਤ ਹੁੰਦੇ ਹਨ। ਅਜਿਹੇ ਨਿਰਣੇ ਬਹੁਤ ਸੋਚ ਵੀਚਾਰ ਕਰਕੇ ਹੀ ਲਏ ਜਾਣੇ ਚਾਹੀਦੇ ਹਨ। ਡਾ. ਵਜ਼ੀਰ ਸਿੰਘ ਅਨੁਸਾਰ ਨਿਰਣੇ ਦੋ ਪ੍ਰਕਾਰ ਦੇ ਹੁੰਦੇ ਹਨ- ਤਥਮਈ ਅਤੇ ਕੀਮਤਪਰਕ। ਤਥਮਈ ਨਿਰਣੇ ਕਿਸੇ ਘਟਨਾ ਨੂੰ ਕੇਵਲ ਬਿਆਨ ਕਰਦੇ ਹਨ ਜਦਕਿ ਕੀਮਤਪਰਕ ਨਿਰਣੇ ਉਸਦੇ ਸਹੀ ਜਾਂ ਗਲਤ ਹੋਣ ਬਾਰੇ ਵੀ ਵੀਚਾਰ ਦਿੰਦੇ ਹਨ। ਨੀਤੀ ਸ਼ਾਸ਼ਤਰ ਦਾ ਸੰਬੰਧ ਕੀਮਤਪਰਕ ਨਿਰਣਿਆਂ ਨਾਲ ਹੈ।

ਨੈਤਿਕਤਾ ਨੂੰ ਵੱਖ-ਵੱਖ ਦਰਸ਼ਨ ਸ਼ਾਸਤਰੀਆਂ ਅਤੇ ਵਿਚਾਰਵਾਨਾਂ ਨੇ ਆਪੋ ਆਪਣੇ ਢੰਗ ਨਾਲ ਵਿਚਾਰਿਆ ਹੈ ਅਤੇ ਪ੍ਰੀਭਾਸ਼ਿਤ ਵੀ ਕੀਤਾ ਹੈ:

◆ ਰਿਸਰਚ ਸਕਾਲਰ, ਸ੍ਰੀ ਗੁਰੂ ਗ੍ਰੰਥ ਸਾਹਿਬ ਅਧਿਐਨ ਵਿਭਾਗ, ਪੰਜਾਬੀ ਯੂਨੀਵਰਸਿਟੀ, ਪਟਿਆਲਾ।

## ਨੈਤਿਕਤਾ ਦੇ ਅਰਥ:

ਅੰਗਰੇਜ਼ੀ ਵਿਚ ਨੈਤਿਕਤਾ ਨੂੰ "ਐਥਿਕਸ (Ethics) ਕਿਹਾ ਜਾਂਦਾ ਹੈ। ਇਨਸਾਇਕਲੋਪੀਡੀਆ ਆਫ ਬ੍ਰਿਟੈਨਿਕ ਵਿਚ 'ਐਥਿਕਸ' ਨੂੰ ਦਰਸ਼ਨ ਦੀ ਸ਼ਾਖਾ ਮੰਨਿਆ ਗਿਆ ਹੈ ਜੋ ਮੌਰਲ ਫਿਲਾਸਫੀ ਦਾ ਪਰਿਆਇਵਾਚੀ ਹੈ। ਇਸ ਦਾ ਸਬੰਧ ਇਸ ਵਿਸ਼ੇ ਨਾਲ ਹੈ ਕਿ ਆਚਰਣ ਤੌਰ 'ਤੇ ਕੀ ਚੰਗਾ ਹੈ ਤੇ ਬੁਰਾ ਜਾਂ ਠੀਕ ਤੇ ਗ਼ਲਤ ਹੈ।[1] ਐਨਸਾਈਕਲੋਪੀਡੀਆ ਆਫ ਅਮੈਰਿਕਨ ਵਿਚ ਵੀ 'ਐਥਿਕਸ' ਸ਼ਬਦ ਦੀ ਉਤਪਤੀ ਅਤੇ ਅਰਥ ਬੋਧ ਬਾਰੇ ਵਿਸਤਾਰ ਸਹਿਤ ਚਰਚਾ ਕੀਤੀ ਗਈ ਹੈ। ਇਸ ਅਨੁਸਾਰ ਮੁੱਖ ਰੂਪ ਵਿਚ 'ਐਥਿਕਸ', ਫਿਲਾਸਫੀ ਦੀ ਸ਼ਾਖਾ ਹੈ। ਜਿਸ ਵਿਚ ਜੀਵਨ ਜਾਂਚ ਅਤੇ ਵਿਵਹਾਰ ਦੀ ਅਗਵਾਈ ਮਿਲਦੀ ਹੈ।[2] ਇਸ ਵਾਸਤੇ 'Morality' ਸ਼ਬਦ ਵੀ ਵਰਤਿਆ ਜਾਂਦਾ ਹੈ ਜੋ ਕਿ Mores ਦਾ ਵਿਕਸਤ ਰੂਪ ਹੈ। ਰੋਮਨ ਲੋਕ ਆਪਣੇ ਸਮਾਜਿਕ ਭਲਾਈ ਦੇ ਰਸਮ ਰਿਵਾਜਾਂ ਵਾਸਤੇ 'ਮੋਰੇਜ਼' (Mores) ਸ਼ਬਦ ਦੀ ਵਰਤੋਂ ਕਰਦੇ ਸਨ ਅਤੇ ਇਸ ਤੋਂ ਹੀ ਮੋਰੇਲ (Moral) ਅਤੇ 'ਮੌਰੇਲਿਟੀ' (Morality) ਆਦਿ ਸ਼ਬਦਾਂ ਦੀ ਰਚਨਾ ਹੋਈ ਹੈ। ਸ਼ਬਦ 'ਮੋਰੇਜ਼' ਵਿਚ ਲੋਕ ਭਲਾਈ ਦੇ ਰਸਮਾਂ ਅਤੇ ਰਿਵਾਜਾਂ ਤੋਂ ਇਲਾਵਾ ਸਭਿਆਚਾਰਕ ਅਤੇ ਧਾਰਮਿਕ ਤੱਤ ਵੀ ਸ਼ਾਮਿਲ ਹਨ।

ਭਾਰਤੀ ਦਰਸ਼ਨ ਅਨੁਸਾਰ "ਨੈਤਿਕਤਾ" ਸ਼ਬਦ ਸੰਸਕ੍ਰਿਤ ਦੇ ਸ਼ਬਦ 'ਨੀਤਿ' ਦਾ ਵਿਕਸਿਤ ਰੂਪ ਹੈ ਜਿਸ ਦਾ ਮੂਲ ਸ੍ਰੋਤ 'ਨੀ' ਧਾਤੂ ਹੈ। ਇਸਦੇ ਕੋਸ਼ਗਤ ਅਰਥ 'ਲੈ ਜਾਣਾ' ਜਾਂ 'ਅਗਵਾਈ ਕਰਨਾ' ਹੈ।[3] ਅਰਥਾਤ ਉਹ ਕਦਰਾਂ ਕੀਮਤਾਂ ਜੋ ਜੀਵਨ ਵਿਚ ਮਨੁੱਖ ਦੀ ਅਗਵਾਈ ਕਰਨ ਉਸਨੂੰ ਕੋਈ ਚੰਗੀ ਸੇਧ ਦੇ ਕੇ ਜੀਵਨ ਦੇ ਆਦਰਸ਼ ਪ੍ਰਾਪਤੀ ਵਿਚ ਸਹਾਈ ਹੋਣ ਉਹ ਨੈਤਿਕਤਾ ਅਖਵਾਉਂਦੀ ਹੈ। ਭਾਰਤੀ ਦਰਸ਼ਨ ਸ਼ਾਸਤਰੀਆਂ ਨੇ ਨੈਤਿਕਤਾ ਨੂੰ ਕੁਮਾਰਗ ਤੋਂ ਸੁਮਾਰਗ ਵੱਲ ਲੈ ਜਾਣ ਦੇ ਸਾਧਨ ਵਜੋਂ ਬਿਆਨਿਆ ਹੈ ਅਤੇ ਸ਼ੁਭ ਗੁਣਾਂ ਨੂੰ ਇਸਦੀ ਸਮੱਗਰੀ ਸਵੀਕਾਰ ਕਰਕੇ ਇਸਨੂੰ 'ਸਦਾਚਾਰ' ਵਜੋਂ ਪਰਿਭਾਸ਼ਿਤ ਕੀਤਾ ਹੈ। ਪੰਜਾਬੀ ਵਿਚ ਨੈਤਿਕਤਾ ਲਈ 'ਸਦਾਚਾਰ' ਸ਼ਬਦ ਦੀ ਵਰਤੋਂ ਕੀਤੀ ਗਈ ਹੈ ਜਿਸਦਾ ਅਰਥ ਸ਼ੁਭ ਜਾਂ ਚੰਗਾ ਆਚਾਰ ਹੈ। ਭਾਈ ਕਾਨ੍ਹ ਸਿੰਘ ਨਾਭਾ ਨੇ ਨੈਤਿਕਤਾ ਲਈ

---

1 ਐਨਸਾਈਕਲੋਪੀਡੀਆ ਆਫ ਬ੍ਰਿਟੈਨਿਕਾ, ਅੰਕ II, ਪੰਨਾ 976.

2 ਉਧਰਿਤ, ਮਨਪ੍ਰੀਤ ਸਿੰਘ, ਸੁਖਮਨੀ ਸਾਹਿਬ ਵਿਚ ਨੈਤਿਕ ਮੁੱਲਾਂ ਦਾ ਸੰਦਰਭ, ਪੰਨਾ 14.

3 g~n; ujk;.k fe{kk] ;equk izlkn voLFkh] uhrh'kkL= dh Hkqfedk] i`"B 9-

'ਸਦਾਚਾਰ', 'ਨੇਕ ਚਲਨ' 'ਭਲਾ ਬਿਉਹਾਰ'[4] ਆਦਿ ਸ਼ਬਦਾਂ ਦੀ ਵਰਤੋਂ ਕੀਤੀ ਹੈ। ਇਹ ਮਨੁੱਖੀ ਵਿਉਹਾਰ ਦੇ ਮੁਲਾਂਕਣ ਵੱਲ੍ਹ ਇਸ਼ਾਰਾ ਕਰਦਾ ਹੈ ਪਰ ਸ਼ੁਭ ਤੱਕ ਸੀਮਿਤ ਹੋ ਜਾਣ ਕਾਰਣ ਇਹ ਇਕ-ਪੱਖੀ ਅਰਥ ਪ੍ਰਦਾਨ ਕਰਦਾ ਹੈ। ਨੈਤਿਕਤਾ ਸ਼ੁਭ ਅਤੇ ਅਸ਼ੁਭ ਦੇ ਭਾਵ ਤੋਂ ਮੁਕਤ ਹੋਣ ਕਾਰਣ ਵਧੇਰੇ ਉਚਿਤ। ਦੂਸਰਾ ਕਾਰਣ ਇਹ ਹੈ ਕਿ 'ਸਦਾਚਾਰ' ਦੀ ਅਰਥ ਧੁਨੀ ਵਿਚ ਆਚਾਰ ਉਪਰ ਬਲ ਦਿੱਤਾ ਗਿਆ ਹੈ ਨਾ ਕਿ ਉਸਦੀ ਸ਼ੁਭਤਾ ਜਾਂ ਚੰਗਿਆਈ ਉਪਰ। ਇਸ ਤਰ੍ਹਾਂ ਨੈਤਿਕਤਾ ਸਦਾਚਾਰ ਨਾਲੋਂ ਵਧੇਰੇ ਉਚਿਤ ਹੈ।

ਨੈਤਿਕਤਾ ਦੀਆਂ ਪਰਿਭਾਸ਼ਾਵਾਂ:

ਪ੍ਰਸਿੱਧ ਦਰਸ਼ਨਵੇਤਾ ਅਰਬਨ, 'ਇਸ ਸੰਬੰਧੀ ਆਪਣੇ ਵਿਚਾਰ ਦੱਸਦੇ ਹੋਏ ਲਿਖਦੇ ਹਨ, 'ਨੀਤੀ ਸ਼ਾਸਤਰ ਉਹ ਵਿਗਿਆਨ ਹੈ ਜਿਸ ਦਾ ਸੰਬੰਧ ਮਨੁੱਖੀ ਵਿਵਹਾਰ ਨਾਲ ਉਸ ਹੱਦ ਤੀਕ ਹੁੰਦਾ ਹੈ, ਜਿਥੋਂ ਤੀਕ ਇਸਨੂੰ ਸਹੀ ਜਾਂ ਗਲਤ ਅਤੇ ਚੰਗਾ ਜਾਂ ਬੁਰਾ ਸਮਝਿਆ ਜਾਂਦਾ ਹੈ।[5]

ਵਿਲੀਅਮ ਲਿਲੀ ਵੀ ਨੈਤਿਕਤਾ ਨੂੰ ਮਨੁੱਖੀ ਸਮਾਜ ਵਿਚ ਰਹਿੰਦੇ ਮਨੁੱਖਾਂ ਦੇ ਵਿਵਹਾਰ, ਜਿਸਦੇ ਬਾਰੇ ਚੰਗਾ ਜਾਂ ਬੁਰਾ, ਠੀਕ ਜਾਂ ਗਲਤ ਦਾ ਨਿਰਣਾ ਕੀਤਾ ਜਾ ਸਕੇ ਦਾ ਆਦਰਸ਼ ਮੂਲਕ ਵਿਗਿਆਨ ਹੈ।[6]

ਜਾਨ ਡਿਊਟੀ ਵੀ ਨੀਤੀ ਸ਼ਾਸਤਰ ਨੂੰ ਮਨੁੱਖੀ ਵਿਵਹਾਰ ਦੇ ਅਧਿਐਨ ਨਾਲ ਜੋੜਦੇ ਹੋਏ ਇਸਦਾ ਵਿਸ਼ਾ ਵਸਤੂ ਇਹ ਦੱਸਦਾ ਹੈ ਕਿ ਸਾਡੇ ਵਿਵਹਾਰ ਵਿਚ ਸ਼ੁਭ ਅਤੇ ਭਲਾ ਕੀ ਹੈ।[7]

ਡਾ. ਵਜ਼ੀਰ ਸਿੰਘ ਅਨੁਸਾਰ, 'ਸਿਧਾਂਤ ਰੂਪ ਵਿਚ ਨੀਤੀ-ਗਿਆਨ ਮਨੁੱਖ ਦੇ ਆਦਰਸ਼ਾਂ ਬਾਰੇ ਬਹਿਸ ਕਰਦਾ, ਉੱਚਤਮ ਆਦਰਸ਼ ਨੂੰ ਖੋਜਦਾ ਅਤੇ ਕੀਮਤਾਂ ਦਾ ਕੋਈ ਪਰਵਾਨਿਤ ਗੁੱਟ ਕਾਇਮ

4 ਕਾਨ੍ਹ ਸਿੰਘ ਨਾਭਾ, ਮਹਾਨ ਕੋਸ਼, ਪੰਨਾ 114.

5 ਪਰਦੀਪ ਕੁਮਾਰ, ਪੱਛਮੀ ਨੀਤੀ ਸ਼ਾਸਤਰ, ਪੰਨਾ 9.

6 ਉਹੀ, ਪੰਨਾ 9.

7 ਪਰਦੀਪ ਕੁਮਾਰ, ਪੱਛਮੀ ਨੀਤੀ ਸ਼ਾਸਤਰ, ਪੰਨਾ 9.

ਕਰਦਾ ਹੈ। ਵਿਹਾਰਕ ਰੂਪ ਵਿਚ ਇਹ ਵਿਅਕਤੀ ਨੂੰ ਜੀਵਨ-ਜਾਂਚ ਦੇ ਨਿਯਮ ਦਸਦਾ ਹੈ, ਅਤੇ ਕਰਤੱਵਾਂ ਦੀ ਪਾਲਨਾ ਹਿਤ ਅਗਵਾਈ ਦੇਂਦਾ ਹੈ।[8]

ਅਸਲ ਵਿਚ ਨੈਤਿਕਤਾ, ਨੈਤਿਕ ਨਿਯਮਾਂ, ਨੈਤਿਕ ਫੈਸਲਿਆਂ ਦਾ ਉਹ ਸਮੂਹ ਹੈ ਜੋ ਗੁਣਾਂ ਦੇ ਆਧਾਰ 'ਤੇ ਮਨੁੱਖੀ ਜੀਵਨ ਦੇ ਮੁੱਲ ਵਿਧਾਨ ਸਿਰਜਦਾ ਹੈ ਅਤੇ ਉਸਨੂੰ ਸਦਾਚਾਰਕ ਅਗਵਾਈ ਦਿੰਦਿਆਂ ਹੋਇਆ, ਚੰਗੇ ਅਤੇ ਬੁਰੇ ਵਿਚ ਅੰਤਰ ਕਰਨ ਦੀ ਸਮਰੱਥਾ ਪ੍ਰਦਾਨ ਕਰਦਾ ਹੈ। ਕਰਮਾਂ ਦੇ ਆਧਾਰ ਤੇ ਇਹ ਮਨੁੱਖੀ ਚਰਿੱਤਰ ਦੀ ਕਸੌਟੀ ਹੈ ਜਿਸਦੇ ਆਧਾਰ 'ਤੇ ਉਸਨੂੰ ਚੰਗਾ ਜਾਂ ਮਾੜਾ ਹੋਣ ਦਾ ਨਿਰਣਾ ਕੀਤਾ ਜਾਂਦਾ ਹੈ।

ਨੈਤਿਕਤਾ ਨੂੰ ਪੂਰਨ ਰੂਪ ਵਿਚ ਸਮਾਜ ਵਿਚ ਲਾਗੂ ਕਰਨ ਵਿਚ ਧਰਮ ਦੀ ਭੂਮਿਕਾ ਅਤਿ ਮਹੱਤਵਪੂਰਨ ਰਹੀ ਹੈ। ਧਰਮ ਦੀ ਸਭ ਤੋਂ ਮਹੱਤਵਪੂਰਨ ਧਾਰਨਾ ਇਹ ਹੈ ਕਿ ਨੈਤਿਕ ਗੁਣਾਂ ਨੂੰ ਜੀਵਨ ਵਿਚ ਧਾਰਣ ਕਰੇ ਬਿਨਾਂ ਮਨੁੱਖ ਜੀਵਨ ਨੂੰ ਸਹੀ ਤਰੀਕੇ ਨਾਲ ਜੀ ਹੀ ਨਹੀਂ ਸਕਦਾ। ਧਰਮ ਦਾ ਉਦੇਸ਼ ਮਨੁੱਖ ਦੀ ਉੱਤਮਤਾ ਅਤੇ ਭਲਾਈ ਰਿਹਾ ਹੈ ਜੋ ਕਿ ਨੈਤਿਕਤਾ ਦਾ ਵੀ ਉਦੇਸ਼ ਹੈ। ਜਦੋਂ ਨੈਤਿਕ ਨਿਯਮ ਧਰਮ ਨਾਲ ਮਿਲਕੇ ਮਨੁੱਖ ਅਤੇ ਸਮਾਜ ਨੂੰ ਨਿਯੰਤਰਿਤ ਕਰਦੇ ਹਨ ਤਾਂ ਸਦਾਚਾਰ ਤੇ ਧਰਮ, ਵਿਗਿਆਨ ਅਤੇ ਹੋਰ ਮਨੁੱਖ ਸਿਰਜਿਤ ਕਾਨੂੰਨਾਂ ਨਾਲੋਂ ਕਿਤੇ ਵੱਧ ਅਸਰ ਅੰਦਾਜ਼ ਹੁੰਦੇ ਹਨ ਅਤੇ ਸਮਾਜ ਨੂੰ ਪ੍ਰਭਾਵਿਤ ਵੀ ਕਰਦੇ ਹਨ। ਬਲਕਿ ਕਈ ਕਾਨੂੰਨ ਵੀ ਧਰਮ ਅਤੇ ਨੈਤਿਕਤਾ 'ਤੇ ਆਧਾਰਿਤ ਹੁੰਦੇ ਹਨ। ਇਹੀ ਕਾਰਣ ਹੈ ਕਿ ਅੱਜ ਦੇ ਵਿਗਿਆਨਕ ਯੁੱਗ ਵਿਚ ਧਰਮ ਅਤੇ ਨੈਤਿਕਤਾ ਦੀ ਜ਼ਰੂਰਤ ਬਰਕਰਾਰ ਹੈ। ਧਰਮ ਮਨੁੱਖ ਨੂੰ ਅਧਿਆਤਮਿਕ ਕੀਮਤਾਂ ਦੀ ਸੋਝੀ ਪ੍ਰਦਾਨ ਕਰਦਾ ਹੈ। ਇਹ ਸੋਝੀ ਪ੍ਰਭੂ ਦੇ ਭੈਅ ਵਿਚੋਂ ਪੈਦਾ ਹੁੰਦੀ ਹੈ ਅਤੇ ਇਹ ਭੈਅ ਹੀ ਮਨੁੱਖੀ ਆਚਰਣ ਦਾ ਨਿਰਮਾਣ ਕਰਦਾ ਹੈ। ਹਰ ਧਰਮ ਵਿਚ ਮਨੁਖ ਨੂੰ ਪ੍ਰਭੂ ਦੇ ਭੈਅ ਵਿਚ ਕਰਮ ਕਰਨ ਲਈ ਪ੍ਰੇਰਿਆ ਗਿਆ ਹੈ। ਇਸ ਕਰਮ ਕਰਨ ਦੀ ਭਾਵਨਾ ਵਿਚੋਂ ਦੋ ਤਰ੍ਹਾਂ ਦੇ ਸੰਕਲਪਾਂ ਦਾ ਜਨਮ ਹੋਇਆ- ਪਾਪ ਤੇ ਪੁੰਨ। ਹੱਥਲੇ ਪੇਪਰ ਵਿਚ ਵੱਖ ਵੱਖ ਧਰਮਾਂ ਅਨੁਸਾਰ ਇਨ੍ਹਾਂ ਦੋ ਸੰਕਲਪਾਂ ਦਾ ਅਧਿਐਨ ਕੀਤਾ ਗਿਆ ਹੈ:

8 ਡਾ. ਵਜ਼ੀਰ ਸਿੰਘ, ਨੈਤਿਕ ਨਿਯਮ, ਪੰਨਾ 6.

International Journal of Research Available at https://edupediapublications.org/journals
e-ISSN: 2348-6848
p-ISSN: 2348-795X
Volume 04 Issue 19
December 2017

**ਭਾਰਤੀ ਧਰਮਾਂ ਵਿਚ ਪਾਪ-ਪੁੰਨ ਦਾ ਸੰਕਲਪ:**

ਭਾਰਤੀ ਦਰਸ਼ਨ ਵਿਚ ਪੁੰਨ ਦਾ ਫਲ ਸੁਖ ਮੰਨਿਆ ਜਾਂਦਾ ਹੈ ਅਤੇ ਇਹਨਾਂ ਕਰਮਾਂ ਨੂੰ ਕਰਨ ਪਿਛੇ ਮੁਖ ਕਾਮਨਾ ਸਵਰਗ ਪ੍ਰਾਪਤੀ ਹੁੰਦੀ ਹੈ। ਨਿਸ਼ਕਾਮ ਭਾਵਨਾ ਨਾਲ ਕੀਤੇ ਕਰਮ ਹੀ ਸਫਲ ਅਤੇ ਸੁਖ-ਫਲਦਾਇਕ ਹੁੰਦੇ ਹਨ ਜਦਕਿ ਦਵੈਤ ਭਾਵਨਾ ਨਾਲ ਕੀਤੇ ਕਰਮ(ਭਾਵ ਪਾਪ) ਜਮਾਂ ਦੇ ਵਸ ਪਾ ਦਿੰਦੇ ਹਨ। "ਸਮਾਜ ਦੇ ਸਥਾਪਿਤ ਆਚਾਰ, ਅਖ਼ਲਾਕ ਜਾਂ ਨੈਤਿਕਤਾ, ਈਸ਼ਵਰੀ ਨਿਯਮਾਂ, ਇਸ਼ਟ ਜਾਂ ਧਰਮ ਪ੍ਰਤਿ ਪ੍ਰਵਾਨਿਤ ਕਰਤੱਵਾਂ ਆਦਿ ਦੀ ਉਲੰਘਣਾ ਆਮ ਤੌਰ 'ਤੇ 'ਪਾਪ' ਸਮਝੀ ਜਾਂਦੀ ਹੈ। ਪਾਪ ਦੀ ਕਲਪਨਾ ਜਾਂ ਮਾਨਤਾ ਦੀ ਸਥਾਪਨਾ ਸਾਰਿਆਂ ਧਰਮਾਂ, ਦੇਸ਼ਾਂ ਜਾਂ ਜਾਤੀਆਂ ਵਿਚ ਹੋਈ ਹੈ।" ਇਹ ਸੰਬੰਧਿਤ ਧਰਮ ਦੇ ਵਿਸ਼ਵਾਸ 'ਤੇ ਆਧਾਰਿਤ ਹੈ ਕਿ ਕਿਸੇ ਧਰਮ ਲਈ ਕੋਈ ਕੰਮ ਪੁੰਨ ਹੋ ਸਕਦਾ ਹੈ ਜਦਕਿ ਕਿਸੇ ਹੋਰ ਧਰਮ ਲਈ ਪਾਪ। ਪਾਪ ਦਾ ਮੁਖ ਸੰਬੰਧ ਧਰਮ ਸ਼ਾਸਤਰਾਂ ਨਾਲ ਹੈ। ਬੁਧ ਮਤ ਅਨੁਸਾਰ ਨਿਖਿਧ ਕਰਮ ਕਰਨਾ ਅਤੇ ਕਰਨ-ਯੋਗ ਕਰਮ ਨਾ ਕਰਨਾ ਪਾਪ ਹੈ। ਵੇਦਾਂਤ ਅਨੁਸਾਰ ਧਰਮ ਤੋਂ ਉਲਟ ਵਰਜਿਤ ਕਰਮ ਕਰਨ ਨਾਲ ਅਧਰਮ ਪੈਦਾ ਹੁੰਦਾ ਹੈ ਜੋ ਜਨਮਾਂਤਰਾਂ ਤਕ ਆਤਮਾ ਨਾਲ ਜੁੜ ਕੇ ਪਾਪ ਦੇ ਰੂਪ ਵਿਚ ਪ੍ਰਗਟ ਹੁੰਦਾ ਹੈ। ਸਾਂਖ ਮਤ ਅਨੁਸਾਰ ਮਨੁਖ ਵਿਚ ਰਜੋ ਗੁਣ ਦਾ ਵਧਣਾ ਪਾਪ ਹੈ।

ਵਖ-ਵਖ ਸ਼ਾਸਤਰਾਂ ਅਨੁਸਾਰ ਪਾਪਾਂ ਦੀ ਗਿਣਤੀ ਵਖ-ਵਖ ਹੈ। ਹਿੰਦੂ ਧਰਮ ਵਿਚ ਪੰਜ ਮੁਖ ਪਾਪ-ਵਰਗ ਮੰਨੇ ਗਏ ਹਨ- ਮਹਾਂ ਪਾਪ, ਅਤਿ ਪਾਪ, ਪਾਤਕ, ਪ੍ਰਸੰਗਕ ਅਤੇ ਉਪ-ਪਾਤਕ। 'ਮਹਾਂ-ਭਾਰਤ' ਵਿਚ ਦਸ ਪ੍ਰਕਾਰ ਦੇ ਪਾਪ ਦੱਸੇ ਗਏ ਹਨ- ਹਿੰਸਾ, ਚੋਰੀ, ਪਰ-ਤ੍ਰਿਆ-ਗਮਨ, ਝੂਠ, ਕੌੜਾ ਬੋਲ, ਚੁਗ਼ਲੀ ਕਰਨਾ, ਪ੍ਰਣ ਤੋੜਨਾ, ਬੁਰਾ ਸੋਚਣਾ, ਨਿਰਦਈ ਹੋਣਾ ਅਤੇ ਪੁੰਨ ਕਰਮਾਂ ਤੋਂ ਫਲ ਦੀ ਇਛਾ ਰਖਣਾ। 'ਮਨੂ-ਸਿਮ੍ਰਿਤੀ' ਅਨੁਸਾਰ ਪੰਜ ਤਰ੍ਹਾਂ ਦੇ ਪਾਪ ਹਨ- ਬ੍ਰਹਮ-ਹਤਿਆ, ਸੁਰਾ ਪਾਨ, ਚੋਰੀ, ਪਰ-ਇਸਤਰੀ-ਗਮਨ ਅਤੇ ਅਜਿਹੇ ਪਾਪ ਕਰਨ ਵਾਲਿਆਂ ਨਾਲ ਮੇਲ-ਜੋਲ ਰਖਣਾ।

ਇਸਲਾਮ ਵਿਚ ਦੋ ਤਰ੍ਹਾਂ ਦੇ ਪਾਪ ਦੱਸੇ ਹਨ- ਲਘੂ-ਪਾਪ ਅਤੇ ਮਹਾ-ਪਾਪ। ਮਹਾਂ ਪਾਪ ਇਹ ਹਨ- ਰੱਬ ਦੇ ਬਰਾਬਰ ਕਿਸੇ ਹੋਰ ਹਸਤੀ ਨੂੰ ਮੰਨਣਾ, ਵਿਭਚਾਰ ਕਰਨਾ, ਜਾਣ ਬੁਝ ਕੇ ਕਤਲ ਕਰਨਾ,

International Journal of Research Available at https://edupediapublications.org/journals

e-ISSN: 2348-6848
p-ISSN: 2348-795X
Volume 04 Issue 19
December 2017

**ਚੋਰੀ ਗ਼ੈਰ-ਕੁਦਰਤੀ ਸੰਭੋਗ, ਸ਼ਰਾਬਨੋਸ਼ੀ, ਝੂਠੀ ਗਵਾਹੀ, ਯਤੀਮਾਂ ਨਾਲ ਧੋਖਾ, ਜਾਦੂ-ਟੂਣਾ, ਰੋਜ਼ਾ ਰਖਣ ਜਾਂ ਨਮਾਜ਼ ਪੜ੍ਹਨ ਵਿਚ ਆਲਸ ਕਰਨਾ। ਈਸਾਈ ਧਰਮ ਵਿਚ ਦੋ ਤਰ੍ਹਾਂ ਦੇ ਪਾਪ ਮੰਨੇ ਹਨ- ਆਦਿ ਪਾਪ ਅਤੇ ਵਿਅਕਤੀਗਤ ਪਾਪ। ਆਦਿ ਪਾਪ ਉਹ ਹਨ ਜੋ ਆਦਮ ਅਤੇ ਹਵਾ ਨੇ ਕਲਯੁਗ ਦੇ ਭੜਕਾਉਣ 'ਤੇ ਕੀਤੇ ਸਨ ਅਤੇ ਵਿਅਕਤੀਗਤ ਪਾਪ ਈਸ਼ਵਰ ਦੀ ਇਛਾ ਦੇ ਵਿਰੁਧ ਆਪਣੀ ਇਛਾ ਅਨੁਸਾਰ ਕੀਤੇ ਕਰਮ ਹਨ।[9]**

**ਪੁੰਨ ਦਾ ਸੰਕਲਪ:**

**ਭਾਰਤ ਵਿਚ ਪੁੰਨ ਕਰਮਾਂ ਵਿਚ ਸਭ ਤੋਂ ਵਧ ਅਹਿਮੀਅਤ ਤੀਰਥ ਇਸ਼ਨਾਨ ਨੂੰ ਦਿੱਤੀ ਜਾਂਦੀ ਹੈ। ਭਾਈ ਕਾਨ੍ਹ ਸਿੰਘ ਨਾਭਾ ਅਨੁਸਾਰ, "ਸੰਸਾਰ ਦੇ ਸਾਰੇ ਮਤਾਂ ਨੇ ਆਪਣੇ ਆਪਣੇ ਨਿਸ਼ਚੇ ਅਨੁਸਾਰ ਅਨੇਕ ਪਵਿਤ੍ਰ ਥਾਂ ਤੀਰਥ ਮੰਨ ਰੱਖੇ ਹਨ, ਕਿਤਨਿਆਂ ਨੇ ਦਰਸ਼ਨ ਅਤੇ ਸਪਰਸ਼ ਮਾਤ੍ਰ ਤੋਂ ਹੀ ਤੀਰਥਾਂ ਨੂੰ ਮੁਕਤੀ ਦਾ ਸਾਧਨ ਨਿਸ਼ਚਿਤ ਕੀਤਾ ਹੈ. ਗੁਰਮਤ ਅਨੁਸਾਰ ਸ਼ਰਮ ਦੀ ਸਿਖਯਾ ਅਤੇ ਇਤਿਹਾਸ ਦੀ ਘਟਨਾ ਤੋਂ ਕੋਈ ਲਾਭ ਲੈਣ ਲਈ ਤੀਰਥਾਂ ਉੱਤੇ ਜਾਣਾ ਉੱਤਮ ਹੈ, ਪਰ ਤੀਰਥਾਂ ਦਾ ਮੁਕਤਿ ਨਾਲ ਸਾਕਾਰ ਨਹੀਂ ਹੈ।[10] ਹਿੰਦੂ ਧਰਮਾਂ ਵਿਚ ਪ੍ਰਮੁਖ ਤੀਰਥ ਅਸਥਾਨ ਗੰਗਾ ਤੇ ਯਮੁਨਾ ਦਾ ਇਸ਼ਨਾਨ ਬਹੁਤ ਮਹਤਵ ਦਸਿਆ ਹੈ। ਗੰਗਾ ਨਦੀ ਸ਼ਿਵ ਦੇ ਕੇਸਾਂ ਵਿਚੋਂ ਨਿਕਲ ਕੇ ਧਰਤੀ 'ਤੇ ਆਉਂਦੀ ਹੈ। ਜਿਸ ਵਿਚ ਇਸ਼ਨਾਨ ਕਰਨ ਨਾਲ ਸਾਰੇ ਪਾਪ ਕਟੇ ਜਾਂਦੇ ਹਨ ਤੇ ਮੁਕਤ ਦੀ ਪ੍ਰਾਪਤੀ ਹੁੰਦੀ ਹੈ। ਇਸੇ ਤਰਾਂ ਯਮੁਨਾ ਇਕ ਨਦੀ ਹੈ ਜੋ ਪੁਰਾਣਾਂ ਅਨੁਸਾਰ ਸੂਰਜ ਅਤੇ ਸੰਜਨਾ ਦੀ ਬੇਟੀ ਹੈ ਅਤੇ ਸਮ ਦੀ ਭੈਣ ਹੈ। ਇਸ ਨੂੰ ਕ੍ਰਿਸ਼ਨ ਦੀ ਪਤਨੀ ਵੀ ਕਿਹਾ ਜਾਂਦਾ ਹੈ। ਇਸੇ ਤਰਾਂ ਹਿੰਦੂਆਂ ਵਿਚ ਇਲਾਹਾਬਾਦ ਵਿਚ ਤੀਰਥ ਅਸਥਾਨ ਹੈ, ਜਿਥੇ ਤਿੰਨ ਜਲ-ਧਰਾਵਾਂ ਜਾਂ ਨਦੀਆਂ ਮਿਲਣ, ਉਸ ਨੂੰ ਤ੍ਰਿਬੇਣੀ-ਸੰਗਮ ਕਿਹਾ ਜਾਂਦਾ ਹੈ। ਹੁਣ ਇਸ ਦਾ ਪ੍ਰਚਲਨ ਪ੍ਰਯਾਗ ਤੀਰਥ ਲਈ ਹੋ ਗਿਆ ਹੈ, ਜਿਥੇ ਗੰਗਾ, ਜਮੁਨਾ ਅਤੇ ਸਰਸਵਤੀ ਦਾ ਮੇਲ ਹੁੰਦਾ ਹੈ। ਇਥੇ ਮਾਘੀ ਨੂੰ ਇਸ਼ਨਾਨ ਕਰਨਾ ਬੜਾ ਮਹਤਵ**

[9] (562-63) ਡਾ. ਰਤਨ ਸਿੰਘ ਜੱਗੀ

[10] ਭਾਈ ਸਾਹਿਬ ਭਾਈ ਕਾਨ੍ਹ ਸਿੰਘ ਨਾਭਾ ,ਗੁਰੁਸ਼ਬਦ ਰਤਨਾਕਰ ਮਹਾਨ ਕੋਸ਼,ਭਾਈ ਚਤਰ ਸਿੰਘ ਜੀਵਨ ਸਿੰਘ ,ਅੰਮਿਤਸਰ (ਇੰਡੀਅ ) ,2004,ਪੰਨਾ 445

ਰਖਦਾ ਹੈ। ਇਥੇ ਹੀ ਬਾਰ੍ਹਾਂ ਸਾਲ ਬਾਦ ਕੁੰਭ ਦਾ ਮੇਲਾ ਲਗਦਾ ਹੈ। ਹਠ-ਯੋਗ ਵਿਚ ਤਿੰਨਾਂ ਨਾੜੀਆਂ ਇੜਾ, ਪਿੰਗਲਾ ਅਤੇ ਸੁਖਮਨਾ ਦਾ ਮਨੁਖ ਦੇ ਅੰਦਰ ਮੇਲ ਹੋਣ ਨੂੰ ਵੀ ਤ੍ਰਿਬੇਣੀ-ਸੰਗਮ ਕਿਹਾ ਜਾਂਦਾ ਹੈ।[11]

ਮੁਸਲਮਾਨਾਂ ਵਿਚ ਹੱਜ ਦੀ ਬੜੀ ਮਹਾਨਤਾ ਹੈ। ਇਹ ਮੁਸਲਮਾਨਾਂ ਦੇ ਪੰਜ ਮੁਖ ਕਰਮਾਂ ਵਿਚੋਂ ਇਕ ਹੈ। ਇਹ ਅਰਬੀ ਦਾ ਸ਼ਬਦ ਹੈ ਜਿਸਦਾ ਅਰਥ ਹੈ ਯਾਤਰਾ, ਜ਼ਿਆਰਤ; ਪਰ ਹਜ਼ਰਤ ਸਾਹਿਬ ਦੇ ਸਮੇਂ ਤੋਂ ਇਹ ਸ਼ਬਦ 'ਕਾਅਬਾ' ਦੀ ਯਾਤਰਾ ਲਈ ਪ੍ਰਚਲਿਤ ਹੋ ਗਿਆ। ਇਸ ਥਾਂ 'ਤੇ ਆਉਣ ਵਾਲਿਆਂ ਲਈ ਆਦੇਸ਼ ਹੈ ਕਿ ਉਹ ਇਥੇ ਆ ਕੇ ਰੱਬ ਦੀ ਭਗਤੀ ਕਰਨ ਅਤੇ ਦੁਨੀਆਂ ਵਿਚ ਇਸਲਾਮ ਦਾ ਪ੍ਰਚਾਰ ਕਰਨ। ਹਰ ਮੁਸਲਮਾਨ ਲਈ ਆਪਣੀ ਜ਼ਿੰਦਗੀ ਵਿਚ ਇਕ ਵਾਰ ਇਥੋਂ ਦਾ ਹੱਜ ਕਰਨਾ ਜ਼ਰੂਰੀ ਮੰਨਿਆ ਹੈ। ਹੱਜ ਹਿਜਰੀ ਸਾਲ ਦੇ ਬਾਰ੍ਹਵੇਂ ਮਹੀਨੇ ਵਿਚ ਕੀਤਾ ਜਾਂਦਾ ਹੈ। ਮੱਕੇ ਵਿਖੇ ਦਸ ਦਿਨ ਰਿਹਾ ਜਾਂਦਾ ਹੈ, ਜਿਸ ਦੌਰਾਨ ਇਸ਼ਨਾਨ ਕੀਤਾ ਜਾਂਦਾ ਹੈ, ਕਾਅਬੇ ਦੀ ਪਰਿਕਰਮਾ ਕੀਤੀ ਜਾਂਦੀ ਹੈ ਅਤੇ ਨੌਵੇਂ ਦਿਨ ਤਕ ਹੋਰ ਕਈ ਕਰਮ ਕੀਤੇ ਜਾਂਦੇ ਹਨ। ਦਸਵੇਂ ਦਿਨ ਕਿਸੇ ਪਸ਼ੂ ਦੀ ਬਲੀ ਦਿਤੀ ਜਾਂਦੀ ਹੈ। ਕੁਝ ਇਸਲਾਮਿਕ ਧਰਮ-ਸ਼ਾਸ਼ਤਰੀਆਂ ਅਨੁਸਾਰ ਮੱਕੇ ਤੋਂ ਬਾਅਦ ਮਦੀਨੇ ਹਜ਼ਰਤ ਮੁਹੰਮਦ ਸਾਹਿਬ ਦੀ ਕਬਰ ਉਤੇ ਜਾਣਾ ਹੱਜ ਦਾ ਆਖ਼ਰੀ ਪੜਾਅ ਹੈ। ਹੱਜ ਕਰਨ ਵਾਲਿਆਂ ਨੂੰ ਹਾਜੀ ਕਿਹਾ ਜਾਂਦਾ ਹੈ।[12]

ਗੁਰਮਤਿ ਪਾਪ-ਪੁੰਨ ਦਾ ਸੰਕਲਪ- ਗੁਰਮਤਿ ਪਾਪ-ਪੁੰਨ ਦੀ ਖ਼ਾਸ ਅਹਿਮੀਅਤ ਨਹੀਂ ਸਮਝਦੀ ਅਤੇ ਨਾ ਹੀ ਇਸ ਦਾ ਖ਼ਾਸ ਅਧਾਰ ਮੰਨਦੀ ਹੈ। ਪਾਪ ਪੁੰਨ ਦੀ ਵਿਚਾਰ ਕਰਨ ਵਾਲਿਆਂ ਨੇ ਲੋਕਾਈ ਨੂੰ ਉਲਝਾ ਕੇ ਰਖ ਦਿਤਾ ਅਤੇ ਪਰਮੇਸ਼ਰ ਦੀ ਸਾਰ ਨਹੀਂ ਜਾਣੀ। ਭਗਤ ਕਬੀਰ ਸਾਹਿਬ ਕਹਿੰਦੇ ਪਾਪ ਪੁੰਨ ਤਾਂ ਦੋਵੇਂ ਇਕ ਸਮਾਨ ਹਨ। ਆਪਣੇ ਅੰਦਰ ਵਸਦੇ ਪ੍ਰਭੂ ਨੂੰ ਚੇਤੇ ਕਰਨਾ ਚਾਹੀਦਾ ਹੈ ਜਿਸ ਨੇ ਸਾਰੇ ਅਉਗਣਾਂ ਦਾ ਨਾਸ਼ ਕਰਨਾ ਹੈ:

---

11 (474) ਡਾ. ਰਤਨ ਸਿੰਘ ਜੱਗੀ

12 ਡਾ. ਰਤਨ ਸਿੰਘ ਜੱਗੀ

ਪਾਪ ਪੁੰਨ ਦੁਇ ਏਕ ਸਮਾਨ ॥

ਨਿਜ ਘਰਿ ਪਾਰਸੁ ਤਜਹੁ ਗੁਨ ਆਨ ॥੩॥[13]

ਪਰ ਇਸ ਦਾ ਇਹ ਵੀ ਮਤਲਬ ਨਹੀਂ ਕਿ ਪਾਪ ਕਰਨੇ ਚਾਹੀਦੇ ਹਨ ਅਤੇ ਪੁੰਨ ਨਹੀਂ ਕਰਨੇ ਚਾਹੀਦੇ। ਨਾਮ ਤੋਂ ਬਿਨਾਂ ਇਹ ਸਿਰਫ਼ ਫਜ਼ੂਲ ਦੇ ਕਰਮਕਾਂਡ ਹਨ। ਕਰਮਕਾਂਡ ਪੂਜਾ ਵਿਧੀਆਂ, ਪਾਪ-ਪੁੰਨ, ਦਾਨ-ਪੁੰਨ, ਹੋਮ-ਯਗ ਵੀ ਮਨੁਖ ਦੀ ਮੁਕਤੀ ਨਹੀਂ ਦਿਵਾ ਸਕਦੀਆਂ ਸਨ। ਗੁਰੂ ਗ੍ਰੰਥ ਸਾਹਿਬ ਦੇ ਬਾਣੀਕਾਰਾਂ ਨੇ ਸਮਕਾਲੀ ਸਮਾਜ ਵਿਚ ਪ੍ਰਚਲਿਤ ਕਰਮ ਕਾਂਡਾਂ ਉਪਰ ਭਾਰੀ ਕਟਾਖਸ਼ ਕੀਤਾ ਹੈ। ਨਾਨਕ ਪੰਥੀ ਬੁਤ ਪੂਜਾ ਦੀ ਨਿਖੇਧੀ ਕਰਦੇ ਹਨ। ਉਨ੍ਹਾਂ ਤੋਂ ਪਤਾ ਚਲਦਾ ਹੈ ਕਿ ਉਹ ਧਰਮ ਦੇ ਬਾਹਰਲੇ ਅਡੰਬਰਾਂ ਤੇ ਪ੍ਰਪੰਚ ਨੂੰ ਕੋਈ ਮਹੱਤਵ ਨਹੀਂ ਸੀ ਦਿੰਦੇ ਉਹ ਅੰਧ ਵਿਸ਼ਵਾਸ ਦੇ ਵੈਰੀ ਸਨ। ਭਾਈ ਕਾਨ੍ਹ ਸਿੰਘ ਨਾਭਾ ਅਨੁਸਾਰ "ਜੱਗ ਹੋਮ ਕਲਯੁਗ ਕੇ ਇਹ ਹੈਨ ਕਿ ਅੰਮ੍ਰਿਤ ਪ੍ਰਸਾਦ ਗੁਰੁ ਭਾਈਆਂ ਅਰ ਸਿੱਖਾਂ ਕਉ ਖਲਾਉਣਾ ਅਰ ਆਪ ਕੋ ਨੀਚ ਸਦਾਵਣਾ।[14]

ਗੁਰੂ ਅਮਰਦਾਸ ਜੀ ਕਰਮਕਾਂਡ ਨੂੰ ਅਗਿਆਨਤਾ ਦੇ ਕਰਮ ਬਰਾਬਰ ਦਰਜਾ ਦਿੰਦੇ ਹਨ। ਅਗਿਆਨਤਾ ਵਸ ਕੀਤਾ ਕਰਮ ਹੰਕਾਰ ਦਾ ਕਰਮ ਹੈ ਜੋ ਮਾਇਆ ਦੇ ਜਾਲ ਫਸਾ ਦਿੰਦਾ ਹੈ। ਇਸ ਲਈ ਗੁਰਮਤਿ ਇਹ ਹੈ ਕਿ ਗੁਰੂ ਦੇ ਸ਼ਬਦ ਨਾਲ ਗਿਆਨ ਲਿਆ ਜਾਵੇ ਜੋ ਮੁਕਤੀ ਦੇ ਬੰਧਨਾਂ ਤੋਂ ਮੁਕਤ ਕਰਵਾ ਸਕੇ।

ਕਰਮ ਕਾਂਡ ਬਹੁ ਕਰਹਿ ਅਚਾਰ ॥ ਬਿਨੁ ਨਾਵੈ ਧ੍ਰਿਗੁ ਧ੍ਰਿਗੁ ਅਹੰਕਾਰ ॥੩॥
ਬੰਧਨਿ ਬਾਧਿਓ ਮਾਇਆ ਫਾਸ ॥ਜਨ ਨਾਨਕ ਛੂਟੈ ਗੁਰ ਪਰਗਾਸ ॥੪॥[15]

ਗੁਰੂ ਅਰਜਨ ਸਾਹਿਬ ਨੇ ਇਕ ਚੇਤੰਨ ਸੁਧਾਰਕ ਵਾਂਗ ਇਹ ਸੋਚਿਆ ਕਿ ਜੋ ਧਰਮ ਦੇ ਨਾਂ 'ਤੇ ਵਹਿਮ ਭਰਮ ਚਲਦੇ ਹਨ ਤੇ ਜਿਨ੍ਹਾਂ ਦੇ ਕਾਰਨ ਇਹ ਦੈਵੀ ਵਿਸ਼ਵਾਸ ਤੇ ਸਦਾਚਾਰ ਦੀ

---

[13] ਸ੍ਰੀ ਗੁਰੂ ਗ੍ਰੰਥ ਸਾਹਿਬ - ਅੰਗ ੩੨੫

[14] ਭਾਈ ਸਾਹਿਬ ਭਾਈ ਕਾਨ੍ਹ ਸਿੰਘ ਨਾਭਾ, ਗੁਰਮਤਿ ਮਾਰਤੰਡ, ਪੰਨਾ 224

[15] ਸ਼ਬਦਾਰਥ, ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 162.

ਪ੍ਰਤਿਸ਼ਠਾ ਨੂੰ ਸੱਟ ਲਗਦੀ ਹੈ, ਉਨ੍ਹਾਂ ਭਰਮ ਕਰਮਾਂ ਦਾ ਪਾਜ ਉਘਾੜਨਾ ਜ਼ਰੂਰੀ ਹੈ ਤਾਂ ਹੀ ਸੱਚੇ ਤੇ ਸ਼ੁਧ ਧਰਮ ਦੀ ਸਥਾਪਨਾ ਹੋ ਸਕਦੀ ਹੈ। ਇਸ ਆਸੇ ਨੂੰ ਲੈ ਕੇ ਸਲੋਕਾਂ ਦੀ ਚੋਣ ਕੀਤੀ ਗਈ ਤੇ ਇਨ੍ਹਾਂ ਨੂੰ ਪਉੜੀਆਂ ਨਾਲ ਸੰਬੰਧਿਤ ਕੀਤਾ ਗਿਆ । ਸੋ ਇਹ ਪੰਚਮ ਗੁਰੂ ਦੀ ਸੰਪਾਦਨਾ ਕਲਾ ਦਾ ਚਮਤਕਾਰ ਹੈ ਕਿ ਉਨ੍ਹਾਂ ਸਿੱਖ ਸਮਾਜ ਵਿਚ ਭਰਮ ਜਾਲੇ ਲਾਹੁਣ ਲਈ ਇਹ ਸਲੋਕ ਚੁਣੇ ਤੇ ਸਿਖਾਂ ਵਿਚ ਇਨ੍ਹਾਂ ਨੂੰ ਬਾਰ-ਬਾਰ ਗਾਉਣ ਦੀ ਪਿਰਤ ਪਾਈ ਇਸ ਤੋਂ ਬਗੈਰ ਭਾਰਤੀ ਆਤਮਾ ਨੂੰ ਬ੍ਰਾਹਮਣੀ ਜੰਜਾਲਾਂ ਤੋਂ ਮੁਕਤ ਨਹੀਂ ਕੀਤਾ ਜਾ ਸਕਦਾ।[16] ਖ਼ਾਸ ਤੌਰ 'ਤੇ ਜੋ ਉਸ ਸਮੇਂ ਬ੍ਰਾਹਮਣੀ ਮਤ ਵਿਚ ਕਰਮਕਾਂਡ ਦਾ ਜ਼ੋਰ ਸੀ ਉਸ ਨੂੰ ਨਿਰਾਰਥਕ ਕਰਮ ਗਰਦਾਨ ਕੇ ਇਕ ਤਿਲ ਜਿੰਨੇ ਨਾਮ ਦੇ ਬਰਾਬਰ ਵੀ ਉਸ ਨੂੰ ਮੰਨਦੇ ਹਨ। ਸਮਾਜ ਤੇ ਪਰਿਵਾਰ ਨੂੰ ਛੱਡ ਕੇ ਜੰਗਲਾਂ ਵਿਚ ਮਨ ਦੀ ਸ਼ਾਂਤੀ ਭਾਲਣ ਨਾਲ ਮੁਕਤੀ ਨਹੀਂ ਮਿਲਦੀ। ਬ੍ਰਾਹਮਣ ਦੇ ਜਾਲ ਵਿਚ ਫਸੇ ਲੋਕਾਂ ਲਈ ਉਪਦੇਸ਼ ਹੈ ਕਿ ਸਾਰਾ ਕੁਝ ਦਾਨ ਕਰਕੇ ਆਪਣੇ ਆਪ ਨੂੰ ਆਰੇ ਨਾਲ ਚਿਰਵਾ ਲੈਣ ਨਾਲ ਵੀ ਸਵਰਗ ਦੀ ਪ੍ਰਾਪਤੀ ਨਹੀਂ ਹੋਣੀ। ਯੋਗੀਆਂ ਤੇ ਜੈਨੀਆਂ ਨੂੰ ਗੁਰੂ ਸਾਹਿਬ ਉਪਦੇਸ਼ ਕਰਦੇ ਹਨ ਕਿ ਤੁਹਾਡੇ ਨੈਂ ਤਰ੍ਹਾਂ ਦੇ ਕਰਮਾਂ ਨਾਲ ਮਨ ਦੀ ਮੈਲ ਨਹੀਂ ਜਾਣ ਲਗੀ। ਇਹ ਕਰਮ ਤਾਂ ਸਗੋਂ ਮਾਇਆ ਦੀ ਫਾਸ ਦਾ ਕਾਰਨ ਬਣਦੇ ਹਨ। ਨਾਮ ਜਪਣ ਦੇ ਨਾਲ ਮੁਕਤੀ ਪ੍ਰਾਪਤ ਹੋਣ ਹੈ। ਇਹ ਅਡੰਬਰ ਕੇਵਲ ਇਕ ਤਿਲ ਨਾਮ ਦੇ ਬਰਾਬਰ ਵੀ ਨਹੀਂ ਹੈ:

ਜਾਪ ਤਾਪ ਗਿਆਨ ਸਭਿ ਧਿਆਨ ॥ ਖਟ ਸਾਸਤ੍ਰ ਸਿਮ੍ਰਿਤਿ ਵਖਿਆਨ ॥
ਜੋਗ ਅਭਿਆਸ ਕਰਮ ਧ੍ਰਮ ਕਿਰਿਆ ॥ ਸਗਲ ਤਿਆਗਿ ਬਨ ਮਧੇ ਫਿਰਿਆ ॥

……………………………………………..

ਨਿਮਖ ਨਿਮਖ ਕਰਿ ਸਰੀਰੁ ਕਟਾਵੈ ॥ ਤਉ ਭੀ ਹਉਮੈ ਮੈਲੁ ਨ ਜਾਵੈ ॥
ਹਰਿ ਕੇ ਨਾਮ ਸਮਸਰਿ ਕਛੁ ਨਾਹਿ ॥ ਨਾਨਕ ਗੁਰਮੁਖਿ ਨਾਮੁ ਜਪਤ ਗਤਿ ਪਾਹਿ ॥੨॥

16 ਪਿਆਰਾ ਸਿੰਘ ਪਦਮ, ਨਾਨਕ ਸਾਇਰ ਏਵ ਕਹਤ ਹੈ, ਪੰਨਾ 31-32

ਗੁਰੂ ਸਾਹਿਬ ਇਕੱਲੇ ਬ੍ਰਾਹਮਣਾਂ ਜਾਂ ਜੈਨੀਆਂ ਦਾ ਖੰਡਨ ਹੀ ਨਹੀਂ ਕਰਦੇ ਸਗੋਂ ਉਸ ਸਮੇਂ ਦੇ ਕਾਜ਼ੀਆਂ ਨੂੰ ਵੀ ਉਪਦੇਸ਼ ਕਰਦੇ ਹਨ ਕਿ ਜੇ ਪੈਸੇ ਲੈ ਕੇ ਨਿਆਂ ਕਰਦੇ ਹੋ ਤਾਂ ਤੁਸੀਂ ਕਿਸ ਨਾਮ ਦੇ ਕਾਜ਼ੀ ਹੋ। ਤੁਹਾਡੇ ਹੱਥ ਵਿਚ ਫੜੀਆਂ ਤਸਬੀਆਂ ਸਭ ਵਿਖਾਵਾ ਹਨ। ਮਾਲਾ ਫੇਰਨੀ ਕਰਮਕਾਂਡ ਤੋਂ ਵਧ ਹੋ ਕੁਝ ਵੀ ਨਹੀਂ ਹੈ:

ਕਾਜੀ ਹੋਇ ਕੈ ਬਹੈ ਨਿਆਇ ॥ਫੇਰੇ ਤਸਬੀ ਕਰੇ ਖੁਦਾਇ ॥

ਵਢੀ ਲੈ ਕੈ ਹਕੁ ਗਵਾਏ ॥ਜੇ ਕੋ ਪੁਛੈ ਤਾ ਪੜਿ ਸੁਣਾਏ ॥

ਤੁਰਕ ਮੰਤ੍ਰੁ ਕਨਿ ਰਿਦੈ ਸਮਾਹਿ ॥ ਲੋਕ ਮੁਹਾਵਹਿ ਚਾੜੀ ਖਾਹਿ ॥[17]

ਸਵਰਗ ਜਾਂ ਜੰਨਤ ਦੀ ਕਾਮਨਾ ਹਿਤ ਕਰਮ ਕਰਨ ਵਾਲਿਆਂ ਨੂੰ ਗੁਰਬਾਣੀ ਦਾ ਉਪਦੇਸ਼ ਹੈ ਕਿ ਨਿਰੇ ਧਰਮ ਕਰਮ ਕੀ ਸਵਾਰਨਗੇ ਜੇਕਰ ਰਾਜਸੀ ਗ਼ੁਲਾਮੀ ਕਾਰਨ ਅਸੀਂ ਆਪਣੀ ਜ਼ਮੀਰ ਵੇਚ ਬੈਠੇ ਅਸਾਂ ਆਪਣੀ ਸਭਿਅਤਾ ਦਾ ਪੱਲਾ ਛਡ ਦਿਤਾ। ਸੰਸਾਰ ਵਿਚ ਰਹਿੰਦਿਆਂ ਹੋਇਆਂ ਮਨੁਖੀ ਸੁਤੰਤਰਤਾ ਵੀ ਜ਼ਰੂਰੀ ਹੈ। ਉਸ ਸਮੇਂ ਭਾਰਤ ਗੁਲਾਮ ਸੀ। ਭਾਰਤੀਆਂ ਦੀ ਗੁਲਾਮੀ ਬਾਰੇ ਪ੍ਰੋ. ਪਿਆਰਾ ਸਿੰਘ ਪਦਮ ਲਿਖਦੇ ਹਨ ਕਿ ਉਹਨਾਂ ਦੀ ਬੋਲੀ ਪੁਸ਼ਾਕ, ਰਹਿਣੀ ਬਹਿਣੀ ਹਾਕਮ ਤੁਰਕਾਂ ਵਾਲੀ ਹੋ ਜਾਣਾ ਆਰੀਆ ਸਭਿਅਤਾ ਦੀ ਹਾਰ ਸੀ। ਧਰਮੀ ਦਾ ਮਤਲਬ ਯਾ ਆਜ਼ਿਜ਼ ਹੋਣ ਦਾ ਭਾਵ ਆਪਣਾ ਸਵੈਮਾਨ ਖੋ ਲੈਣਾ ਨਹੀਂ। ਆਪਣੀ ਸੰਸਕ੍ਰਿਤੀ ਦੇ ਗੌਰਵ ਨੂੰ ਜਿਉਂਦੇ ਰੱਖਣਾ ਧਰਮ ਹੈ। ਇਸੇ ਕਰ ਕੇ ਗ਼ੁਲਾਮੀ ਦੇ ਮੰਦੇ ਪ੍ਰਭਾਵਾਂ ਨੂੰ ਉਨ੍ਹਾਂ ਨੇ ਬਾਰ ਬਾਰ ਨਿਖੇੜਿਆ ਹੈ ।[18]

ਗੁਰਬਾਣੀ ਦਾ ਕਰਮ ਕਾਂਡਾਂ ਪ੍ਰਤੀ ਨਿਬੇੜਾ ਇਹ ਹੈ ਕਿ ਗਿਆਨ ਪ੍ਰਾਪਤੀ ਲਈ ਕੀਤੇ ਕਰਮ ਹੀ ਸਾਰਥਕ ਹਨ। ਇਸ ਤੋਂ ਬਿਨਾਂ ਕੀਤੇ ਕਰਮਾਂ ਦਾ ਕੋਈ ਮੁਲ ਨਹੀਂ ਹੈ। ਇਹ ਕਰਮ ਵੀ ਉਦੋਂ ਤਕ ਕਰਨੇ ਬਣਦੇ ਹਨ ਜਿੰਨਾਂ ਸਮਾਂ ਗਿਆਨ ਨਹੀਂ ਹੁੰਦਾ। ਉਸ ਤੋਂ ਬਾਅਦ ਇਹ ਕਿਸੇ ਕੰਮ ਦੇ ਨਹੀਂ

---

[17] ਸ਼ਬਦਾਰਥ, ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 952

[18] ਪਿਆਰਾ ਸਿੰਘ ਪਦਮ, ਨਾਨਕ ਸ਼ਾਇਰ ਏਵ ਕਹਤੁ ਹੈ, ਪੰਨਾ 44

ਹਨ। ਜਿਸ ਤਰ੍ਹਾਂ ਫਲ ਕਾਰਨ ਫ਼ੁਲ ਬਣਦਾ ਹੈ ਤੇ ਜਦੋਂ ਫਲ ਤਿਆਰ ਹੁੰਦਾ ਹੈ ਤਾਂ ਫ਼ੁਲ ਨਸ਼ਟ ਹੋ ਜਾਂਦਾ ਹੈ। ਘਿਓ ਦੇ ਕਾਰਨ ਦੁਧ ਨੂੰ ਰਿੜਕਿਆ ਜਾਂਦਾ ਹੈ। ਇਸ ਤਰ੍ਹਾਂ ਗਿਆਨ ਦੀ ਪ੍ਰਾਪਤੀ ਤੋਂ ਬਾਅਦ ਕਰਮ ਧਰਮ ਨਸ਼ਟ ਹੋ ਜਾਂਦੇ ਹਨ:

ਫਲ ਕਾਰਨ ਫੂਲੀ ਬਨਰਾਇ ॥ ਫਲੁ ਲਾਗਾ ਤਬ ਫੂਲੁ ਬਿਲਾਇ ॥
ਗਿਆਨੈ ਕਾਰਨ ਕਰਮ ਅਭਿਆਸੁ ॥ ਗਿਆਨੁ ਭਇਆ ਤਹ ਕਰਮਹ ਨਾਸੁ ॥੩॥
ਘ੍ਰਿਤ ਕਾਰਨ ਦਧਿ ਮਥੈ ਸਇਆਨ ॥ ਜੀਵਤ ਮੁਕਤ ਸਦਾ ਨਿਰਬਾਨ ॥[19]

ਉਪਰੋਕਤ ਚਰਚਾ ਤੋਂ ਇਹ ਕਿਹਾ ਜਾ ਸਕਦਾ ਹੈ ਕਿ ਸੰਸਾਰ ਦੇ ਸਾਰੇ ਜੀਵ ਪਰਮਾਤਮਾ ਦੀ ਰਚਨਾ ਹਨ। ਸਾਰਿਆਂ ਵਿਚ ਇਕੋ ਹੀ ਜੋਤਿ ਵਿਦਮਾਨ ਹੈ ਅਤੇ ਇਹ ਜੋਤਿ ਆਤਮਾ ਦੇ ਰੂਪ ਵਿਚ ਮਨੁੱਖੀ ਦੇਹ 'ਚ ਰੂਪਮਾਨ ਹੈ। ਇਸ ਸੱਚਾਈ ਦਾ ਗਿਆਨ ਹੀ ਮਨੁੱਖੀ ਨੈਤਿਕ ਜੀਵਨ ਦਾ ਆਧਾਰ ਹੈ। ਮਨੁੱਖ ਦਾ ਜੋ ਕਰਮ ਪਰਮਾਤਮਾ ਦੀ ਪ੍ਰਾਪਤੀ ਦੇ ਸੰਬੰਧ ਵਿਚ ਚੰਗਾ ਹੈ ਉਹੀ ਸਾਰੀ ਮਨੁੱਖਤਾ ਲਈ ਚੰਗਾ ਕਰਮ ਮੰਨਿਆ ਜਾਂਦਾ ਹੈ। 'Testing the Global Ethics : Voices from the Religious Tradition an Moral Values', ਪੁਸਤਕ ਵਿਚ ਇਸ ਵਿਚਾਰ ਨੂੰ ਬੜੀ ਦ੍ਰਿੜਤਾ ਨਾਲ ਪ੍ਰਗਟਾਇਆ ਗਿਆ ਹੈ, 'ਪਰਮਾਤਮਾ ਨਾਲ ਰਿਸ਼ਤਾ ਰੱਖਣ ਨਾਲ ਹੀ ਪੂਰਨ ਮਨੁੱਖ ਬਣਿਆ ਜਾ ਸਕਦਾ ਹੈ। ਪਰਮਾਤਮਾ ਸੱਚਾਈ, ਪ੍ਰਕਾਸ਼, ਸ਼ਾਂਤੀ ਅਤੇ ਪਿਆਰ ਦਾ ਸ੍ਰੋਤ ਹੈ, ਸਾਰਾ ਕੁਝ, ਜੋ ਚੰਗਾ ਹੈ, ਉਹ ਉਸ ਦਾ ਸਾਧਨ ਹੈ, ਪਰਮਾਤਮਾ ਭੌਤਿਕ ਆਕਾਰ ਅਤੇ ਭੌਤਿਕ ਪਰਿਮਾਪ ਤੋਂ ਪਰੇ ਹੈ। ਆਪਣੇ ਆਪ ਨੂੰ ਪਰਮਾਤਮਾ ਵੱਲੋਂ ਆਈ ਸਾਰੀ ਚੰਗਿਆਈ ਨਾਲ ਭਰ ਕੇ ਹੀ ਅਸੀਂ ਸੰਪੂਰਨ ਮਨੁੱਖ ਬਣ ਸਕਦੇ ਹਾਂ। ਨੈਤਿਕਤਾ ਨੂੰ ਸਥਾਈ ਰੂਪ ਦੇਣ ਅਤੇ ਇਸ ਦੀ ਪ੍ਰਮਾਣਿਕਤਾ ਨੂੰ ਸਿੱਧ ਕਰਨ ਲਈ ਧਰਮ ਇਕ ਸਾਧਨ ਹੈ। ਨੈਤਿਕਤਾ ਅਤੇ ਧਰਮ ਦੀ ਇਹ ਸਾਂਝ ਅਨਿੱਖੜ ਅਤੇ ਸਦੀਵੀ ਹੈ। ਇਸ ਪ੍ਰਸੰਗ 'ਚ ਸਿੱਖ ਨੈਤਿਕਤਾ ਆਪਣੇ ਆਪ ਵਿਚ ਵਿਲੱਖਣ ਵੀ ਹੈ ਅਤੇ ਮਹੱਤਵਪੂਰਨ ਵੀ।

---

[19] ਸ਼ਬਦਾਰਥ ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 1167